ੴ ਵਾਹਿਗੁਰੂ ਜੀ ਕੀ ਫਤਹ ॥

G. 851

# ਸੰਤ ਸਿਪਾਹੀ

## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਜੀਵਨ

AKAL SAHAI

ਪੰਜ ਪਿਆਲੇ ਪੰਜ ਪੀਰ,
ਛੇਵਾਂ ਪੀਰ ਬੈਠਾ ਗੁਰ ਭਾਰੀ।

ਅਰ[illegible]ਨ ਕਾਂਇਆਂ ਪਲਟ ਕੇ,
ਮੂਰਤਿ ਹਰਿ ਗੋਬਿੰਦ ਸਵਾਰੀ।

ਦਲ ਭੰਜਨ ਗੁਰ ਸੂਰਮਾ,
ਵਡ ਜੋਧਾ ਬਹੁ ਪਰਉਪਕਾਰੀ।

ਮਹਿੰਦਰ ਸਿੰਘ
ਐਡੀਟਰ
ਮਾਹਵਾਰੀ "ਅੰਮ੍ਰਿਤ" ਅੰਮ੍ਰਿਤਸਰ

SARDAR DYAL SINGH LIBRARY LAHORE

ਸਿੰਘ ਬ੍ਰਦਰਜ਼
ਅਨਾਰਕਲੀ, ਲਾਹੌਰ

ਸਭ ਹੱਕ ਰਾਖਵੇਂ ਹਨ।

32183

ਹਰ ਪ੍ਰਕਾਰ ਦੀਆਂ ਧਾਰਮਕ, ਸਮਾਜਕ ਤੇ ਰਾਜਸੀ ਪੁਸਤਕਾਂ
ਮੰਗਾਉਣ ਦਾ ਪਤਾ—

**ਅਜੀਤ ਬੁਕ ਏਜੰਸੀ, ਅੰਮ੍ਰਿਤਸਰ**

'ਕਰਤਾਰ ਪ੍ਰੈਸ' (ਮਲਵਈ ਬੁੰਗਾ) ਅੰਮ੍ਰਿਤਸਰ ਵਿਚ ਪ੍ਰੋਫੈਸਰ ਏ. ਐਸ. 'ਅਮਰ' ਪ੍ਰਿੰਟਰ ਦੇ ਯਤਨ ਨਾਲ ਛਪਿਆ ਤੇ ਦਫਤ੍ਰ 'ਅੰਮ੍ਰਤ' ਚੌਕ ਬਾਬਾ ਅਟਲ ਤੋਂ ਪ੍ਰਕਾਸ਼ਤ ਹੋਇਆ।

# ਅਰੰਭਕ ਬੇਨਤੀ !

ਸਿੱਖ ਧਰਮ ਇਕ ਉਹ ਰੂਹਾਨੀ ਚਸ਼ਮਾ ਹੈ, ਜਿਸ ਵਿਚੋਂ ਨਿਕਲੇ ਹੋਏ ਅੰਮ੍ਰਤ ਵਿਚ ਬਹਾਦਰੀ ਤੇ ਸ਼ਾਂਤੀ ਦਾ ਸਾਂਝਾ ਸਵਾਦ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਜੀਵਨ-ਕਥਾ ਸਿੱਖੀ ਦੀ ਚਾਬੀ ਹੈ। ਜਿਸ ਦੇ ਪੜ੍ਹਨ ਅਤੇ ਸਮਝਣ ਤੋਂ ਪ੍ਰਤੀਤ ਜਾਂਦਾ ਹੈ ਕਿ ਭਗਤੀ ਦੇ ਰਤਨ ਸਾਂਭਣ ਲਈ ਬਹਾਦਰੀ ਦੇ ਲੋਹ ਬਕਸ ਦੀ ਕਿਤਨੀ ਕੁ ਲੋੜ ਹੈ।

ਛੇਵੇਂ ਗੁਰੂ ਜੀ ਕੋਈ ਧਾਰਮਕ ਜਥਾ ਬਣਾ ਰਹੇ ਸਨ ਯਾ ਰਾਜਸੀ ਤਾਕਤ? ਇਸ ਦਾ ਠੀਕ ਉਤਰ ਇਹੀ ਹੈ ਕਿ ਧਰਮ ਤੇ ਰਾਜਨੀਤੀ ਦਾ ਅਸਲ ਰਿਸ਼ਤਾ ਦਸਿਆ ਜਾਵੇ। ਧਰਮ ਕੇਵਲ ਭੋਰੇ ਵਿਚ ਬੈਠ ਕੇ ਮਾਲਾ ਫੇਰਨ ਨੂੰ ਨਹੀਂ ਆਖੀਦਾ। ਧਰਮ ਦਾ ਅਸਲ ਸਿਟਾ ਹੈ—ਵਾਹਿਗੁਰੂ ਦਾ ਮਿਲਾਪ। ਪਰ ਕਾਦਰ ਨਾਲ ਮਿਲਵਰਤਨਾਂ ਤਦ ਆਉਂਦਾ ਹੈ, ਜੇ ਪਹਿਲੇ ਕੁਦਰਤ ਨਾਲ ਮਿਲਵਰਤਨਾਂ ਆ ਜਾਵੇ। ਅਰਥਾਤ ਮਨੁਖ ਸੰਸਾਰ ਦੀ ਸੇਵਾ ਕਰੇ। ਸੰਸਾਰ ਦੀ ਸਾਂਝੀ ਪੀੜ ਨੂੰ ਆਪਣੀ ਪੀੜ ਸਮਝੇ।

ਜਦ ਮਨੁਖ ਸੰਸਾਰ ਦੇ ਦੁਖ ਨੂੰ ਆਪਣਾ ਦੁਖ ਸਮਝੇਗਾ, ਤਾਂ ਸੰਸਾਰ ਨੂੰ ਦੁਖ ਦੇਣ ਵਾਲਿਆਂ ਲੁਟੇਰਿਆਂ ਤੇ ਡਾਕੂਆਂ ਨੂੰ ਸੋਧਣ ਵਾਲਿਆਂ ਦਾ ਫਿਕਰ ਕਰਨਾ ਹੋਵੇਗਾ। ਸੰਸਾਰ ਦੇ ਖੁਦਗਰਜ਼ ਤੇ ਖੁਦਮੁਖਤਾਰ ਬਾਦਸ਼ਾਹ ਇਕ ਬਾਕਾਇਦਾ ਡਾਕੂ ਹੁੰਦੇ ਹਨ, ਸਗੋਂ

ਸੱਚ ਤਾਂ ਇਹ ਹੈ ਕਿ ਪੰਜ ਚਾਰ ਡਾਕੂਆਂ ਦੇ ਬਣੇ ਹੋਏ ਜਥੇ ਨੂੰ ਖਤਮ ਕਰਨਾ ਤਾਂ ਕੁਝ ਆਸਾਨ ਹੈ ਪਰ ਮੁਲਕੀ ਡਾਕੂਆਂ ਅਥਵਾ ਖੁਦ ਮੁਖਤਾਰ ਬਾਦਸ਼ਾਹਾਂ ਨੂੰ ਦਬਾਉਣਾ ਤੇ ਸਮਝਾਉਣਾ ਇਕ ਮਹਾਨ ਕੰਮ ਹੈ।

ਹਰੇਕ ਧਾਰਮਕ ਆਗੂ ਦਾ ਫਰਜ਼ ਹੈ ਕਿ ਇਨ੍ਹਾਂ ਸਿਆਸੀ ਡਾਕੂਆਂ ਤੋਂ ਆਮ ਜਨਤਾ ਨੂੰ ਬਚਾਉਣ ਦਾ ਯਤਨ ਕਰੇ। ਸਤਿ-ਗੁਰੂ ਨਾਨਕ ਜੀ ਨੇ ਕਦੇ ਭੁਖ, ਦੁਖ ਤੇ ਸਫਰ ਦੀ ਪੀੜ ਨੂੰ ਮਹਿਸੂਸ ਨਹੀਂ ਕੀਤਾ ਸੀ, ਪਰ ਉਸ ਸਮੇਂ ਦੇ ਬਾਦਸ਼ਾਹ ਦੇ ਜ਼ੁਲਮ ਵੇਖ ਕੇ ਇਹ ਪੁਕਾਰਦੇ ਸਨ ਕਿ—

"ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡ ਰਿਹਾ।"

ਅਰਥਾਤ ਭੈੜੇ ਸਮਿਆਂ ਦੀ ਛੁਰੀ ਰਾਜਿਆਂ ਦੇ ਹਥ ਵਿਚ ਹੈ, ਉਹ ਪਰਜਾ ਨੂੰ ਕੋਹ ਕੇ ਖਾ ਰਹੇ ਹਨ ਅਤੇ ਧਰਮ ਖੰਭ ਲਾ ਕੇ ਉਡ ਚੁਕਿਆ ਹੈ।

ਇਸ ਤੋਂ ਬਿਨਾਂ ਜਦ ਕੋਈ ਨਵਾਂ ਧਾਰਮਕ ਨਾਦ ਵਜਾ ਕੇ ਲੋਕਾਂ ਦੀ ਮੁਰਦਾ ਆਤਮਾ ਵਿਚ ਰੂਹ ਫੂਕੀ ਜਾਂਦੀ ਹੈ ਤਦੋਂ ਲੋਕਾਂ ਦਾ ਹਿਰਦਾ ਅਤਿ ਸੁਚਾ ਹੋ ਜਾਂਦਾ ਹੈ। ਸੁਚ ਅਤੇ ਸੱਚ ਦਾ ਮੇਲ ਹੈ। ਸੱਚਾ ਮਨੁਖ ਸਦਾ ਨਿਰਭੈ ਤੇ ਬੇਪ੍ਰਵਾਹ ਹੁੰਦਾ ਹੈ, ਇਸ ਲਈ ਉਹ ਨਹੀਂ ਵੇਖ ਸਕਦਾ ਕਿ ਉਸ ਦੇ ਸਾਹਮਣੇ "ਜਿਸ ਦਾ ਸੋਟਾ ਉਸ ਦੀ ਭੈਂਸ" ਵਾਲੀ ਚਾਲ ਵਰਤੀ ਜਾਵੇ। ਉਹ ਕਦ ਵੇਖ ਸਕਦਾ ਹੈ ਕਿ ਇਕ ਗਰੀਬ ਨੂੰ ਇਕ ਤਗੜਾ ਬੰਦਾ ਕਤਲ ਕਰੇ ਤੇ ਫਿਰ ਭੀ ਉਸੇ ਨੂੰ ਪਾਪੀ ਤੇ ਮੁਜਰਮ ਜਾਂ ਬਾਗੀ ਆਖੇ ਤੇ ਆਪ ਉਸ ਨੂੰ ਲੁਟ ਕੁਟ ਕੇ ਖਾਵੇ ਪਰ ਫੇਰ ਵੀ ਚੌਧਰੀ ਤੇ ਆਗੂ ਬਣਿਆ ਰਹੇ



ਕਮਜ਼ੋਰ ਤੇ ਖੁਸ਼ਾਮਦੀ ਲੋਕ ਉਸ ਨੂੰ ਵਾਹ ਵਾਹ ਪਏ ਆਖਣ।

ਸੱਚਾ ਮਨੁਖ ਆਪਣੀ ਸਚਾਈ ਨੂੰ ਸਭ ਤੋਂ ਵੱਡੀ ਦੌਲਤ ਸਮਝਦਾ ਹੈ ਤੇ ਦੁਨੀਆਂ ਦੇ ਖੁਦਗਰਜ਼ ਹਾਕਮਾਂ ਨੂੰ ਨਰਕ ਦੇ ਕੀੜੇ ਖਿਆਲ ਕਰਦਾ ਹੈ। ਉਸ ਲਈ ਗੁਲਾਮੀ ਦੀ ਜ਼ਿੰਦਗੀ ਕਟਣੀ ਦੁਭਰ ਤੇ ਅਣਹੋਣੀ ਗੱਲ ਹੋ ਜਾਂਦੀ ਹੈ। ਜਦ ਵੀ ਸੰਸਾਰ ਵਿਚ ਧਾਰਮਕ ਸਚਾਈ ਦਾ ਨਗਾਰਾ ਵੱਜੇ ਉਹ ਕੁਦਰਤੀ ਤੌਰ ਪੁਰ ਖੁਦ-ਗਰਜ਼ ਤੇ ਖੁਦ-ਮੁਖਤਾਰ ਹਕੂਮਤ ਲਈ ਖਤਰਨਾਕ ਹੁੰਦਾ ਹੈ। ਮਹਾਤਮਾ ਮੂਸਾ ਇਕ ਪਵਿਤ੍ਰ ਹਿਰਦੇ ਵਾਲੇ ਧਾਰਮਕ ਬਜ਼ੁਰਗ ਸਨ ਪਰ ਜਦ ਉਹਨਾਂ ਨੇ ਡਿਠਾ ਕਿ ਇਕ ਮਿਸਰੀ, ਮੂਸਾ ਦੀ ਕੌਮ ਦੇ ਇਕ ਬੇਗੁਨਾਹ ਤੇ ਕਮਜ਼ੋਰ ਆਦਮੀ ਨੂੰ ਕਤਲ ਕਰ ਰਿਹਾ ਹੈ, ਤਾਂ ਮਹਾਤਮਾ ਮੂਸਾ ਇਹ ਕਹਿਰ ਵੇਖਕੇ ਨਾ ਜਰ ਸਕੇ। ਉਨ੍ਹਾਂ ਨੇ ਆਪਣੀ ਕੌਮ ਨੂੰ ਜ਼ਾਲਮਾਂ ਕੋਲੋਂ ਆਜ਼ਾਦ ਕਰਨ ਦਾ ਬੀੜਾ ਉਠਾਇਆ।

ਇਸੇ ਤਰ੍ਹਾਂ ਉਸ ਵੇਲੇ ਦੀ ਸਿੱਖੀ ਨੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਆਵਾਜ਼ ਉਠਾਈ ਤੇ ਅਤੇ ਲੋਕਾਂ ਨੂੰ ਆਜ਼ਾਦੀ ਤੇ ਨਿਰ-ਭੈਤਾ ਦਾ ਰਾਗ ਸੁਣਾਇਆ। ਸਤਿਗੁਰੂ ਜੀ ਨਾ ਕੋਈ ਰਿਆਸਤ ਕਾਇਮ ਕਰਨਾ ਚਾਹੁੰਦੇ ਸਨ ਤੇ ਨਾ ਕਿਸੇ ਖਾਸ ਬਾਦਸ਼ਾਹੀ ਨੂੰ ਜੜ੍ਹੋਂ ਉਖੇੜਨਾ। ਹਾਂ ਉਨ੍ਹਾਂ ਦੀ ਸਿਖਿਆ ਲੋਕਾਂ ਨੂੰ ਅਮਲੀ ਮਨੁਖ ਬਣਾ-ਉਣ ਵਾਲੀ ਸੀ। ਸਚਾਈ ਨਿਰਭੈਤਾ ਤੇ ਹਰ ਇਕ ਮਨੁਖ ਦਾ ਇਕੋ ਜਿਹਾ ਹੱਕ, ਉਹਨਾਂ ਦਾ ਪ੍ਰਚਾਰ ਸੀ। ਇਹ ਪ੍ਰਚਾਰ ਸਹਿਜੇ ਹੀ ਖੁਦਗਰਜ਼ ਬਾਦਸ਼ਾਹਾਂ, ਹਾਕਮਾਂ, ਮਲਕ ਭਾਗੋ ਵਰਗੇ ਮਗਰੂਰ ਅਮੀਰਾਂ, ਬ੍ਰਾਹਮਣ ਕਾਜ਼ੀ ਆਦਿ ਧਾਰਮਕ ਆਗੂਆਂ ਤੇ ਆਪਣੀ ਜ਼ਾਤ ਦੇ ਘਮੰਡ ਵਿਚ ਲੋਕਾਂ ਨੂੰ ਪੈਰਾਂ ਹੇਠ ਦਬਾਉਣ ਵਾਲੀਆਂ ਅਖੌਤੀ ਉਚ ਜ਼ਾਤੀਆਂ ਨੂੰ ਸੋਧਣ ਵਾਲਾ ਸੀ।

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.